70
22-03-19

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ

ਵੱਲ,

ਸਮੂਹ ਮੈਨੇਜਰ/ ਪ੍ਰਿੰਸੀਪਲ,
ਪ੍ਰਾਈਵੇਟ ਐਫੀਲੀਏਟਿਡ ਸੀ.ਬੀ.ਐਸ.ਈ./ ਆਈ.ਸੀ.ਐਸ.ਈ./
ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੂਲ (ਪੰਜਾਬ ਰਾਜ ਵਿੱਚ)

ਮੀਮੋ ਨੰ: [illegible]
ਮਿਤੀ, ਸਅਸ ਨਗਰ: 22/3/19.

25/3/19

ਜੀ-5
26/3/19

**ਵਿਸ਼ਾ:-** **9ਵੀਂ ਅਤੇ 11ਵੀਂ ਸ਼੍ਰੇਣੀ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦਾ ਸਕੂਲ ਵਿਚੋਂ ਨਾਮ ਕੱਟਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਹ ਵੇਖਣ ਵਿੱਚ ਆਇਆ ਹੈ ਕਿ ਪ੍ਰਾਈਵੇਟ ਸਕੂਲਾਂ ਦੀਆਂ ਕੁੱਝ ਮੈਨੇਜਮੈਂਟਾਂ ਵੱਲੋਂ 9ਵੀਂ ਅਤੇ 11ਵੀਂ ਸ਼੍ਰੇਣੀ ਵਿੱਚ ਪੜ੍ਹਦੇ ਕਮਜੋਰ ਵਿਦਿਆਰਥੀਆਂ ਦੇ ਬਿਨ੍ਹਾਂ ਵਜਾ ਨਾਮ ਸਕੂਲਾਂ ਵਿੱਚੋਂ ਕੱਟ ਦਿੱਤੇ ਜਾਂਦੇ ਹਨ। ਇਸ ਚਲਣ ਦਾ ਮੁੱਖ ਮੰਤਵ ਸਬੰਧਤ ਸਕੂਲ ਦੇ 10ਵੀਂ ਅਤੇ 12ਵੀਂ ਸ਼੍ਰੇਣੀ ਦੇ ਨਤੀਜਿਆਂ ਨੂੰ ਵਧੀਆ ਬਨਾਉਣ ਦੀ ਮੰਸ਼ਾ ਹੀ ਜਾਪਦੀ ਹੈ। ਜਿਥੇ ਅਜਿਹੀ ਰਵਾਇਤ ਵਿਦਿਆਰਥੀਆਂ ਦੇ ਭਵਿੱਖ ਉਤੇ ਮਾੜਾ ਪ੍ਰਭਾਵ ਪਾਉਂਦੀ ਹੈ, ਉਥੇ ਹੀ ਉਨ੍ਹਾਂ ਦੇ ਮਾਪਿਆਂ ਵਿੱਚ ਵੀ ਬੜਾ ਰੋਸ ਪਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਲਈ ਇਸ ਨਕਾਰਾਤਮਕ ਚਲਣ ਨੂੰ ਠੱਲ ਪਾਉਣ ਦੇ ਮੰਤਵ ਨਾਲ ਆਪ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਕਿਸੇ ਵੀ 9ਵੀਂ ਅਤੇ 11ਵੀਂ ਸ਼੍ਰੇਣੀ ਵਿੱਚ ਪੜ੍ਹਦੇ ਵਿਦਿਆਰਥੀ ਦਾ ਨਾਮ ਕੱਟਣ ਤੋਂ ਪਹਿਲਾਂ ਸਕੂਲ ਦੀ ਮੈਨੇਜਮੈਂਟ / ਸਕੂਲ ਮੁੱਖੀ ਨਾਲ ਨੱਥੀ ਪ੍ਰਫਾਰਮੇ ਵਿੱਚ ਵੇਰਵੇ ਦਰਜ਼ ਕਰਦੇ ਹੋਏ ਸਬੰਧਤ ਜਿਲਾ ਸਿੱਖਿਆ ਅਫਸਰ ਤੋਂ ਪੂਰਵ ਪ੍ਰਵਾਨਗੀ ਪ੍ਰਾਪਤ ਕਰਨਗੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਸਕੂਲ ਦਾ ਐਨ.ਓ.ਸੀ ਰੱਦ ਕਰਨ ਸਬੰਧੀ ਵੀ ਕਾਰਵਾਈ ਕੀਤੀ ਜਾ ਸਕਦੀ ਹੈ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ

ਪਿੱਠ ਅੰਕਣ ਨੰ: ਉਕਤ

ਮਿਤੀ:ਐਸ.ਏ.ਐਸ ਨਗਰ

ਇਸ ਦਾ ਉਤਾਰਾ ਸਮੂਹ ਜਿਲਾ ਸਿੱਖਿਆ ਅਫਸਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਨੱਥੀ ਪ੍ਰੋਫਾਰਮੇ ਵਿੱਚ ਦਰਜ ਇੰਦਰਾਜਾਂ ਨੂੰ ਵੈਰੀਫਾਈ ਕਰਨ ਉਪਰੰਤ ਜੇਕਰ ਕਿਸੇ ਵਿਦਿਆਰਥੀ ਦਾ ਯੋਗ ਕਾਰਣਾ ਕਰਕੇ ਨਾਮ ਕੱਟਣਾ ਬਣਦਾ ਹੈ ਤਾਂ ਹੀ ਇਸ ਦੀ ਪ੍ਰਵਾਨਗੀ ਸਬੰਧਤ ਸਕੂਲ ਨੂੰ ਦਿੱਤੀ ਜਾਵੇ ਅਤੇ ਇਸ ਪੱਤਰ ਦੀ ਤਾਮੀਲ ਵੀ ਆਪਣੇ ਜਿਲ੍ਹੇ ਵਿੱਚ ਚੱਲ ਰਹੇ ਪ੍ਰਾਈਵੇਟ ਸਕੂਲਾਂ ਨੂੰ ਕਰਵਾਈ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ: ਸਿ:) ਅੰਮ੍ਰਿਤਸਰ
ਮੀਮੋ ਨੰ: ਜੀ-5/2019-545 ਮਿਤੀ 26-3-19

ਉਪਰੋਕਤ ਦਾ ਉਤਾਰਾ ਪ੍ਰਾਈਵੇਟ, ਐਫੀਲੀਏਟਿਡ/ ਸੀ.ਬੀ.ਐਸ.ਈ/ ਆਈ.ਸੀ.ਐਸ.ਈ. ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

26/03/19
ਜਿਲ੍ਹਾ ਸਿੱਖਿਆ ਅਫਸਰ (ਸੈ: ਸਿ:)
ਅੰਮ੍ਰਿਤਸਰ

Scanned by CamScanner

(

### ਪ੍ਰਾਈਵੇਟ ਸਕੂਲਾਂ ਵਿੱਚੋਂ ਵਿਦਿਆਰਥੀਆਂ ਦਾ ਨਾਮ ਕੱਟਣ ਦੀ ਆਗਿਆ ਲੈਣ ਲਈ ਪ੍ਰਵਾਨਗੀ ਦਾ ਪ੍ਰੋਫਾਰਮਾ

| ਲੜੀ ਨੰ. | ਸਕੂਲ ਦਾ ਨਾਮ | ਜਿਲ੍ਹਾ | ਸਕੂਲ ਕਿਸ ਬੋਰਡ ਤੋਂ ਐਫੀਲਿਏਟਿਡ ਹੈ (CBSE/ ICSE/ PSEB) | ਵਿਦਿਆਰਥੀ ਦਾ ਨਾਮ | ਪਿਤਾ ਦਾ ਨਾਮ | ਵਿਦਿਆਰਥੀ ਦਾ ਰਜਿਸਟ੍ਰੇਸ਼ਨ ਨੰ. | ਮੌਜੂਦਾ ਸੈਸ਼ਨ ਵਿੱਚੋਂ ਵਿਦਿਆਰਥੀ ਕਿਸ ਸ਼੍ਰੇਣੀ ਤੋਂ ਪਾਸ ਹੋ ਕੇ ਕਿਸ ਸ਼੍ਰੇਣੀ ਵਿੱਚ ਪ੍ਰਮੋਟ ਹੋਇਆ | ਸ਼੍ਰੇਣੀ ਜਿਸ ਵਿੱਚੋਂ ਨਾਮ ਕੱਟਿਆ ਜਾਣਾ ਹੈ | ਵਿਦਿਆਰਥੀ ਦਾ ਨਾਮ ਕਿਨ੍ਹਾਂ ਕਿਨ੍ਹਾਂ ਕਾਰਣਾ ਕਰਕੇ ਕੱਟਿਆ ਜਾਣਾ ਹੈ |
|---|---|---|---|---|---|---|---|---|---|
| | | | | | | | | | |
| | | | | | | | | | |
| | | | | | | | | | |
| | | | | | | | | | |
| | | | | | | | | | |

ਪ੍ਰਿੰਸੀਪਲ

..........................................

..........................................

ਉਕਤ ਵਿੱਚੋਂ ਲੜੀ ਨੰ. ..........., ............., ..........., ............, ........... ਦੇ ਕਾਰਨ ਵੈਰੀਫਿਕੇਸ਼ਨ ਕਰਨ ਉਪਰੰਤ ਸਹੀ ਪਾਏ ਗਏ, ਜਿਸ ਕਰਕੇ ਵਿਦਿਆਰਥੀ ..........................., .........................., ..........................., ..............................., ............................... ਦੇ ਨਾਮ ਕੱਟਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)

..................................

Scanned by CamScanner